ਡਾਇਰੈਕਟਰ ਐਸ.ਸੀ.ਈ.ਆਰ.ਟੀ.ਪੰਜਾਬ,ਚੰਡੀਗੜ੍ਹ।

(ਡਾਇਟ ਸ਼ਾਖਾ)

ਹੁਕਮ ਨੰ: 9/12-12ਡਾਇਟ(3)
ਮਿਤੀ.ਚੰਡੀਗੜ੍ਹ 17-7-2012

ਜੀ.ਐਚ.ਜੀ ਕਾਲਜ ਆਫ ਟੀਚਰ ਟ੍ਰੇਨਿੰਗ, ਪਲਾਟ ਨੰ: 637/658,ਲੁਧਿਆਣਾ ਰਹੀ, ਪਿੰਡ ਗੋਂਦਵਾਲ, ਡਾਕਘਰ ਅਤੇ ਤਹਿਸੀਲ ਰਾਏਕੋਟ, ਜਿਲ੍ਹਾ ਲੁਧਿਆਣਾ ਜਿਸ ਨੂੰ ਐਨ.ਸੀ.ਟੀ.ਈ. ਦੀ ਜੈਪੁਰ ਦੇ ਪੱਤਰ ਨੰ: ਐਨ.ਆਰ.ਸੀ./ਐਨ.ਸੀ.ਟੀ.ਈ/ਐਨ.ਆਰ.ਸੀ.ਏ.ਪੀ.ਪੀ.-1408/200 ਵੀ ਮੀਟਿੰਗ 2012/24272 ਮਿਤੀ 29-6-12 ਰਾਹੀ ਰਿਕਗਨੀਸ਼ਨ ਦਿੱਤੀ ਗਈ ਹੈ, ਨੂੰ ਈ.ਟੀ.ਟੀ ਦਾ ਕੋਰਸ ਇਕ ਯੂਨਿਟ (50 ਸੀਟਾਂ) ਚਲਾਉਣ ਲਈ ਹੇਠ ਲਿਖੀਆਂ ਸ਼ਰਤਾਂ ਤੇ ਰੈਗੂਲਰ ਐਫਲੀਏਸ਼ਨ ਦਿੱਤੀ ਜਾਂਦੀ ਹੈ:-

ਸ਼ਰਤਾਂ

1. ਕਾਲਜ ਦੀ ਪ੍ਰਬੰਧਕ ਕਮੇਟੀ ਐਨ.ਸੀ.ਟੀ.ਈ. ਦੇ ਨਾਰਮ ਅਨੁਸਾਰ ਨਿਰਧਾਰਿਤ ਸਟਾਫ ਹਰ ਸਮੇਂ ਪੂਰਾ ਰਖਣਾ ਯਕੀਨੀ ਬਣਾਏਗੀ। ਸਟਾਫ ਦੀ ਯੋਗਤਾ ਐਨ.ਸੀ.ਟੀ.ਈ. ਦੇ ਨਾਰਮ ਅਤੇ ਪੰਜਾਬ ਸਰਕਾਰ ਦੇ ਰੂਲਾਂ ਅਨੁਸਾਰ ਹੋਵੇਗੀ। ਸਟਾਫ ਦੀ ਨਿਯੁਕਤੀ ਸਮੇਂ ਐਸ.ਸੀ.ਈ.ਆਰ.ਟੀ. ਦਾ ਨੁਮਾਇੰਦਾ ਹੋਣਾ ਜਰੂਰੀ ਹੈ। ਕਰਮਚਾਰੀ ਵਲੋਂ ਨੌਕਰੀ ਛੱਡਣ ਜਾਂ ਉਸਨੂੰ ਨੌਕਰੀ ਤੋਂ ਕੱਢਣ ਸਬੰਧੀ ਤੁਰੰਤ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇਗਾ।

2. ਸੰਸਥਾ ਵਿਚ ਦਾਖਲਾ ਪੰਜਾਬ ਸਰਕਾਰ ਵਲੋਂ ਨਿਰਧਾਰਿਤ ਨੀਤੀ ਅਨੁਸਾਰ ਹੀ ਕੀਤਾ ਜਾਵੇਗਾ।

3. ਦਾਖਲ ਕੀਤੇ ਸਿਖਿਆਰਥੀਆਂ ਦੇ ਇਕ ਸੈਸ਼ਨ ਦੌਰਾਨ ਐਨ.ਸੀ.ਟੀ.ਈ ਦੇ ਨਾਰਮ ਅਨੁਸਾਰ ਲੈਕਚਰ ਪੂਰੇ ਹੋਣੇ ਚਾਹੀਦੇ ਹਨ।

4. ਸਿਖਿਆਰਥੀਆਂ ਦੀ ਯੋਗਤਾ ਈ.ਟੀ.ਟੀ ਵਿਚ ਅਪਲਾਈ ਕਰਨ ਦੀ ਮਿਤੀ ਨੂੰ ਐਨ.ਸੀ.ਟੀ.ਈ. ਵਲੋਂ ਨਿਰਧਾਰਿਤ ਯੋਗਤਾ ਪੂਰੀ ਹੋਣੀ ਚਾਹੀਦੀ ਹੈ।

5. ਦਾਖਲ ਕੀਤੇ ਸਿਖਿਆਰਥੀਆਂ ਤੋਂ ਪੰਜਾਬ ਸਰਕਾਰ ਵਲੋਂ ਨਿਰਧਾਰਿਤ ਫੀਸ ਹੀ ਲਈ ਜਾਵੇਗੀ।

6. ਇਹ ਐਫਲੀਏਸ਼ਨ ਨਿਯਮਾਂ ਦੀ ਉਲੰਘਣਾ ਕਰਨ ਦੀ ਸੂਰਤ ਵਿਚ ਕਿਸੇ ਸਮੇਂ ਵੀ ਵਾਪਸ ਲਈ ਜਾ ਸਕਦੀ ਹੈ। ਐਨ.ਸੀ.ਟੀ. ਵਲੋਂ ਦਿੱਤੀ ਰਿਕਗਨੀਸ਼ਨ ਵਾਪਸ ਲੈਣ ਤੇ ਇਹ ਐਫਲੀਏਸ਼ਨ ਰੱਦ ਸਮਝੀ ਜਾਵੇਗੀ।

7. ਜੇਕਰ ਜਮੀਨ ਸੁਸਾਇਟੀ/ਟਰਸਟ ਦੇ ਨਾਮ ਤੇ ਹੈ, ਜਮੀਨ ਛੇ ਮਹੀਨੇ ਦੇ ਅੰਦਰ-2 ਸੰਸਥਾ ਦੇ ਨਾਮ ਤੇ ਕਰਨੀ ਯਕੀਨੀ ਬਣਾਇਆ ਜਾਵੇ। ਇਹ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ ਅਤੇ ਜਮੀਨ ਦੇ ਨਵੇਂ ਕਾਗਜਾਤ ਦੀ ਕਾਪੀ ਮਿਥੇ ਸਮੇਂ ਦੇ ਅੰਦਰ ਰਿਜਨਲ ਕਮੇਟੀ ਅਤੇ ਇਸ

Principal
G.H.G. College of Teacher Tr...
Gondwal - Raikot (Ludhiana)